# Punjab Government Gazette

## EXTRAORDINARY

*Published by Authority*

CHANDIGARH, SATURDAY, JANUARY 3, 2026

(PAUSA 13, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ **I** | **ਐਕਟ** | |
| | 1. ਪੰਜਾਬ ਖਣਿਜ (ਅਧਿਕਾਰਾਂ ਦਾ ਨਿਹਿਤ ਹੋਣਾ) ਐਕਟ, 1994 (1996 ਦਾ ਪੰਜਾਬ ਐਕਟ ਨੰ. 9) | ... 1-4 |
| | 2. ਪੰਜਾਬ ਅਧਿਆਪਕਾਂ ਦੀ ਭਰਤੀ ਐਕਟ, 1999 (1999 ਦਾ ਪੰਜਾਬ ਐਕਟ ਨੰ. 12) | ... 5-7 |
| | 3. ਪੰਜਾਬ ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ) ਭਰਤੀ ਐਕਟ, 2001 (2001 ਦਾ ਪੰਜਾਬ ਐਕਟ ਨੰ. 13) | ... 9-10 |
| ਭਾਗ **II** | **ਆਰਡੀਨੈਂਸ** | |
| | *ਕੋਈ ਨਹੀਂ* | |
| ਭਾਗ **III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| ਭਾਗ **IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

**ਭਾਗ-I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 2 ਜਨਵਰੀ, 2026

ਨੰ: 01/ਭ.ਕ./2026.- ਪੰਜਾਬ ਖਣਿਜ (ਅਧਿਕਾਰਾਂ ਦਾ ਨਿਹਿਤ ਹੋਣਾ) ਐਕਟ, 1994 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 2nd January, 2026

**No. 01/L.C./2026.**- The Translation in Punjabi of the Punjab Minerals (Vesting of Rights) Act, 1994 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

ਪੰਜਾਬ ਖਣਿਜ (ਅਧਿਕਾਰਾਂ ਦਾ ਨਿਹਿਤ ਹੋਣਾ) ਐਕਟ, 1994

(1996 ਦਾ ਪੰਜਾਬ ਐਕਟ ਨੰ: 9)

ਰਾਜ ਸਰਕਾਰ ਵਿੱਚ ਖਣਿਜ ਅਧਿਕਾਰਾਂ ਨੂੰ ਨਿਹਿਤ ਕਰਨ ਅਤੇ ਖਣਿਜਾਂ ਦੇ ਮਾਲਕਾਂ ਨੂੰ ਰਕਮ ਦੀ ਅਦਾਇਗੀ ਕਰਨ ਲਈ ਉਪਬੰਧ ਕਰਨ ਅਤੇ ਇਸ ਨਾਲ ਸਬੰਧਤ ਹੋਰ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੰਤਾਲੀਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. ਇਸ ਐਕਟ ਨੂੰ ਪੰਜਾਬ ਖਣਿਜ (ਅਧਿਕਾਰਾਂ ਦਾ ਨਿਹਿਤ ਹੋਣਾ) ਐਕਟ, 1994 ਕਿਹਾ ਜਾ ਸਕੇਗਾ। ਸੰਖੇਪ ਨਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਕੁਲੈਕਟਰ" ਦਾ ਮਤਲਬ ਹੈ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਅਤੇ ਇਸ ਵਿੱਚ ਰਾਜ ਸਰਕਾਰ ਦੁਆਰਾ ਇਸ ਐਕਟ ਅਧੀਨ ਕੁਲੈਕਟਰ ਦੇ ਸਾਰੇ ਜਾਂ ਕਿਸੇ ਵੀ ਕਾਜਕਾਰਾਂ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਕੋਈ ਅਧਿਕਾਰੀ ਸ਼ਾਮਲ ਹੈ;

(ਅ) "ਖਣਿਜਾਂ" ਦਾ ਮਤਲਬ ਹੈ ਖਣਿਜ ਅਤੇ ਛੋਟੇ ਖਣਿਜ ਜਿਵੇਂ ਕਿ ਖਾਣਾਂ ਅਤੇ ਖਣਿਜਾਂ (ਵਿਨਿਯਮ ਅਤੇ ਵਿਕਾਸ) ਐਕਟ, 1957 (1957 ਦਾ ਕੇਂਦਰੀ ਐਕਟ ਨੰ: 67) ਦੀ ਧਾਰਾ 3 ਦੇ ਕ੍ਰਮਵਾਰ ਖੰਡਾਂ (ੳ) ਅਤੇ (ਹ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ;

(ੲ) "ਭੋਂ" ਦਾ ਮਤਲਬ ਹੈ ਭੋਂ ਭਾਵੇਂ ਭੋਂ ਮਾਲੀਏ ਲਈ ਨਿਰਧਾਰਤ ਕੀਤੀ ਗਈ ਹੋਵੇ ਜਾਂ ਨਾ ਅਤੇ ਇਸ ਵਿੱਚ ਦਰਿਆ ਦੇ ਤਲ ਅਤੇ ਇਮਾਰਤਾਂ ਅਤੇ ਹੋਰ ਢਾਂਚਿਆਂ ਦੀਆਂ ਥਾਵਾਂ ਸ਼ਾਮਲ ਹਨ;

(ਸ) "ਵਿਅਕਤੀ" ਜਿਸ ਵਿੱਚ ਇੱਕ ਸਥਾਨਕ ਅਥਾਰਟੀ ਜਾਂ ਕੰਪਨੀ ਜਾਂ ਸਭਾ ਜਾਂ ਵਿਅਕਤੀਆਂ ਦੀ ਬੌਡੀ ਸ਼ਾਮਲ ਹੋਵੇਗੀ, ਭਾਵੇਂ ਇਹ ਨਿਗਮਿਤ ਹੋਵੇ ਜਾਂ ਨਾ; ਅਤੇ

(ਹ) "ਮੁਕੱਰਰ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਨਿਯਮਾਂ ਦੁਆਰਾ ਮੁਕੱਰਰ।

ਰਾਜ ਸਰਕਾਰ ਵਿੱਚ ਖਣਿਜਾਂ ਦਾ ਨਿਹਿਤ ਹੋਣਾ।

3. (1) ਰਾਜ ਸਰਕਾਰ, ਸਮੇਂ ਸਮੇਂ ਤੇ ਅਧਿਸੂਚਨਾ ਦੁਆਰਾ, ਕਿਸੇ ਵੀ ਭੋਂ ਵਿੱਚ ਖਣਿਜਾਂ ਦਾ ਅਧਿਕਾਰ ਗ੍ਰਹਿਣ ਕਰ ਸਕਦੀ ਹੈ ਅਤੇ ਤੱਤਸਮੇਂ ਨਾਫ਼ਜ਼ ਕਿਸੇ ਕਾਨੂੰਨ ਵਿੱਚ ਦਰਜ ਕਿਸੇ ਵੀ ਗੱਲ ਦੇ ਹੁੰਦਿਆਂ ਹੋਇਆਂ ਵੀ, ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਤੋਂ ਅਧਿਸੂਚਨਾ ਵਿੱਚ ਉਲਿਖਤ ਕੀਤੀ ਗਈ ਭੋਂ ਵਿੱਚ ਖਣਿਜਾਂ ਦਾ ਅਧਿਕਾਰ ਪੂਰਨ ਤੌਰ 'ਤੇ ਰਾਜ ਸਰਕਾਰ ਵਿੱਚ ਨਿਹਿਤ ਹੋਵੇਗਾ ਅਤੇ ਰਾਜ ਸਰਕਾਰ ਕੋਲ ਖਾਣਾਂ ਅਤੇ ਖਣਿਜਾਂ (ਵਿਨਿਯਮ ਅਤੇ ਵਿਕਾਸ) ਐਕਟ, 1957 (1957 ਦਾ ਕੇਂਦਰੀ ਐਕਟ ਨੰ: 67) ਦੇ ਉਪਬੰਧਾਂ ਦੇ ਤਾਬੇ, ਅਜਿਹੇ ਅਧਿਕਾਰਾਂ ਦੇ ਉਚਿਤ ਉਪਭੋਗ ਜਾਂ ਨਿਪਟਾਰੇ ਲਈ ਜ਼ਰੂਰੀ ਸਾਰੀਆਂ ਸ਼ਕਤੀਆਂ ਹੋਣਗੀਆਂ।

(2) ਜੇ ਰਾਜ ਸਰਕਾਰ ਨੇ ਕਿਸੇ ਵਿਅਕਤੀ ਨੂੰ ਕਿਸੇ ਭੋਂ ਵਿੱਚ ਖਣਿਜਾਂ 'ਤੇ ਆਪਣਾ ਅਧਿਕਾਰ ਸੌਂਪਿਆ ਹੈ, ਅਤੇ ਜੇ ਅਜਿਹੇ ਅਧਿਕਾਰ ਦੇ ਉਚਿਤ ਉਪਭੋਗ ਲਈ, ਇਹ ਜ਼ਰੂਰੀ ਹੈ ਕਿ ਉਪ-ਧਾਰਾ (1) ਵਿੱਚ ਉਲਿਖਤ ਕੀਤੀਆਂ ਗਈਆਂ ਸਾਰੀਆਂ ਜਾਂ ਕਿਸੇ ਵੀ ਸ਼ਕਤੀਆਂ ਦੀ ਵਰਤੋਂ ਕੀਤੀ ਜਾਵੇ, ਤਾਂ ਕੁਲੈਕਟਰ, ਲਿਖਤੀ ਰੂਪ ਵਿੱਚ ਇੱਕ ਹੁਕਮ ਦੁਆਰਾ, ਅਜਿਹੀਆਂ ਸ਼ਰਤਾਂ ਅਤੇ ਰਾਖਵੇਂਕਰਨ ਦੇ ਤਾਬੇ, ਜਿਵੇਂ ਉਹ ਉਲਿਖਤ ਕਰੇ, ਅਜਿਹੀਆਂ ਸ਼ਕਤੀਆਂ ਉਸ ਵਿਅਕਤੀ ਨੂੰ ਸੌਂਪ ਸਕਦਾ ਹੈ ਜਿਸ ਨੂੰ ਅਧਿਕਾਰ ਦਿੱਤਾ ਗਿਆ ਹੈ।

ਵਿਆਖਿਆ.- ਇਸ ਧਾਰਾ ਅਤੇ ਧਾਰਾ 4 ਵਿੱਚ "ਕਿਸੇ ਵੀ ਭੋਂ ਵਿੱਚ ਖਣਿਜਾਂ ਦਾ ਅਧਿਕਾਰ" ਪਦ ਵਿੱਚ ਖਾਣਾਂ ਦੀ ਖੋਜ ਅਤੇ ਕੰਮ ਕਰਨ ਦੇ ਪ੍ਰਯੋਜਨਾਂ ਲਈ ਭੋਂ ਤੱਕ ਪਹੁੰਚ ਦਾ ਅਧਿਕਾਰ ਸ਼ਾਮਲ ਹੈ ਅਤੇ ਇਸ ਨਾਲ ਸਹਾਇਕ ਪ੍ਰਯੋਜਨਾਂ ਲਈ ਜਿਸ ਵਿੱਚ ਟੋਏ ਅਤੇ ਸੁਰੰਗਾਂ ਪੁੱਟਣਾਂ, ਪਲਾਂਟਾ ਅਤੇ ਮਸ਼ੀਨਰੀ ਦਾ ਨਿਰਮਾਣ, ਸੜਕਾਂ ਦੀ ਉਸਾਰੀ, ਖਣਿਜਾਂ ਦਾ ਢੇਰ ਲਗਾਉਣਾ ਅਤੇ ਕੂੜਾ ਜਮ੍ਹਾਂ ਕਰਨਾ, ਖਦਾਨ ਕਿਰਿਆ ਅਤੇ ਇਮਾਰਤ ਅਤੇ ਸੜਕ ਸਮੱਗਰੀ ਪ੍ਰਾਪਤ ਕਰਨਾ, ਪਾਣੀ ਦੀ ਵਰਤੋਂ ਕਰਨਾ ਅਤੇ ਲੱਕੜੀ ਲੈਣਾ ਅਤੇ ਕੋਈ ਹੋਰ ਪ੍ਰਯੋਜਨ ਸ਼ਾਮਲ ਹੈ ਜਿਸ ਨੂੰ ਰਾਜ ਸਰਕਾਰ ਖਣਨ ਲਈ ਸਹਾਇਕ ਘੋਸ਼ਿਤ ਕਰ ਸਕੇਗੀ।

ਰਕਮ ਦੀ ਅਦਾਇਗੀ।

4. (1) ਧਾਰਾ 3 ਅਧੀਨ ਕਿਸੇ ਭੋਂ ਵਿੱਚ ਖਣਿਜਾਂ ਦੇ ਅਧਿਕਾਰ ਦੇ ਨਿਹਿਤ ਹੋਣ ਤੇ, ਅਜਿਹੇ ਨਿਹਿਤ ਹੋਣ ਤੋਂ ਤੁਰੰਤ ਪਹਿਲਾਂ ਕਿਸੇ ਵੀ ਭੋਂ ਵਿੱਚ ਖਣਿਜਾਂ ਦੇ ਅਧਿਕਾਰ ਦੇ ਹੱਕਦਾਰ ਵਿਅਕਤੀ ਨੂੰ ਸਲਾਨਾ ਤੌਰ 'ਤੇ, ਮੁਕੱਰਰ ਤਰੀਕੇ ਨਾਲ, ਸਲਾਨਾ ਮੁਆਇਦੇ ਦੀ ਰਕਮ ਦੇ ਦਸ ਪ੍ਰਤੀਸ਼ਤ ਦੇ ਬਰਾਬਰ ਰਕਮ ਜਾਂ ਰਾਇਲਟੀ ਜਾਂ ਨਿਸ਼ਚਿਤ ਕਿਰਾਇਆ, ਜੋ ਵੀ ਵੱਧ ਹੋਵੇ, ਇੱਕ ਸਾਲ ਵਿੱਚ ਇਕੱਠੇ ਕੀਤੇ ਖਣਿਜਾਂ 'ਤੇ ਰਾਜ ਸਰਕਾਰ ਨੂੰ ਅਜਿਹੇ ਨਿਹਿਤ ਹੋਣ ਤੋਂ ਦਸ ਸਾਲ ਦੀ ਮੁੱਦਤ ਲਈ ਅਦਾ ਕੀਤੀ ਜਾਵੇਗੀ:

ਪਰੰਤੂ ਜੇ ਕੋਈ ਮੁਆਇਦਾ ਜਾਂ ਪੱਟਾ ਨਹੀਂ ਦਿੱਤਾ ਜਾਂਦਾ ਜਾਂ ਪੱਟੇਦਾਰ ਕਿਸੇ ਵੀ ਮੁੱਦਤ ਲਈ ਖਣਿਜਾਂ ਨੂੰ ਇਕੱਠਾ ਨਹੀਂ ਕਰਦਾ ਹੈ, ਤਾਂ ਉਸ ਮੁੱਦਤ ਲਈ ਕੋਈ

ਰਕਮ ਅਦਾ ਨਹੀਂ ਕੀਤੀ ਜਾਵੇਗੀ ਅਤੇ ਉਪਰੋਕਤ ਦਸ ਸਾਲਾਂ ਦੀ ਮੁੱਦਤ ਨੂੰ ਉਸ ਮੁੱਦਤ ਦੁਆਰਾ ਵਧਾਇਆ ਗਿਆ ਸਮਝਿਆ ਜਾਵੇਗਾ:

ਪਰੰਤੂ ਇਹ ਹੋਰ ਕਿ ਰਕਮ ਦੀ ਅਦਾਇਗੀ ਮੁਆਇਦੇ ਜਾਂ ਪੱਟੇ ਦੀ ਮੁੱਦਤ ਦੇ ਅਰੰਭ ਹੋਣ ਦੀ ਤਰੀਕ ਤੋਂ ਇੱਕ ਸਾਲ ਦੇ ਗੁਜ਼ਰਨ ਤੋਂ ਬਾਅਦ ਸ਼ੁਰੂ ਹੋਵੇਗੀ, ਜਿਹੀ ਕਿ ਸੂਰਤ ਹੋਵੇ।

ਵਿਆਖਿਆ.- ਜਿੱਥੇ ਰਾਜ ਸਰਕਾਰ ਖੁਦ ਖਣਿਜਾਂ ਦੀ ਦੁਰਵਰਤੋਂ ਕਰਦੀ ਹੈ, ਉੱਥੇ ਰਾਇਲਟੀ ਜਾਂ ਨਿਸ਼ਚਿਤ ਕਿਰਾਇਆ, ਜੋ ਵੀ ਵੱਧ ਹੋਵੇ, ਇਸ ਤਰ੍ਹਾਂ ਮਿੱਥਿਆ ਜਾਵੇਗਾ ਜਿਵੇਂ ਰਾਜ ਸਰਕਾਰ ਪੱਟੇਦਾਰ ਹੈ।

(2) ਕੁਲੈਕਟਰ ਮੁਕੱਰਰ ਤਰੀਕੇ ਨਾਲ ਇੱਕ ਹੁਕਮ ਦਾ ਐਲਾਨ ਕਰੇਗਾ ਜਿਸ ਵਿੱਚ ਵਿਅਕਤੀ ਜਾਂ ਵਿਅਕਤੀਆਂ ਨੂੰ ਉਲਿਖਤ ਕਰੇਗਾ ਜਿਨ੍ਹਾਂ ਨੂੰ ਰਕਮ ਅਦਾ ਕੀਤੀ ਜਾਵੇਗੀ।

(3) ਜੇ ਰਕਮ ਦੀ ਅਦਾਇਗੀ ਦੇ ਹੱਕਦਾਰ ਵਿਅਕਤੀ ਜਾਂ ਵਿਅਕਤੀਆਂ ਬਾਰੇ ਕੋਈ ਝਗੜਾ ਹੁੰਦਾ ਹੈ, ਤਾਂ ਕੁਲੈਕਟਰ ਇੱਕ ਹੁਕਮ ਦੁਆਰਾ ਝਗੜੇ ਦਾ ਫ਼ੈਸਲਾ ਕਰੇਗਾ ਅਤੇ ਜੇ ਉਸ ਨੂੰ ਪਤਾ ਲੱਗਦਾ ਹੈ ਕਿ ਇੱਕ ਤੋਂ ਵੱਧ ਵਿਅਕਤੀ ਰਕਮ ਦੇ ਹੱਕਦਾਰ ਹਨ ਤਾਂ ਉਹ ਅਜਿਹੇ ਵਿਅਕਤੀਆਂ ਵਿਚਕਾਰ ਰਕਮ ਵੰਡ ਦੇਵੇਗਾ।

5. (1) ਕੋਈ ਵਿਅਕਤੀ ਜੋ ਧਾਰਾ 4 ਅਧੀਨ ਕੁਲੈਕਟਰ ਦੇ ਹੁਕਮ ਤੋਂ ਸੰਤੁਸ਼ਟ ਨਹੀਂ ਹੈ, ਤਾਂ ਉਹ ਕੁਲੈਕਟਰ ਨੂੰ ਲਿਖਤੀ ਦਰਖ਼ਾਸਤ ਦੇ ਕੇ ਇਹ ਲੋੜ ਸਕਦਾ ਹੈ ਕਿ ਮਾਮਲਾ ਕੁਲੈਕਟਰ ਦੁਆਰਾ ਮੂਲ ਅਧਿਕਾਰਤਾ ਦੀ ਇੱਕ ਪ੍ਰਮੁੱਖ ਦੀਵਾਨੀ ਅਦਾਲਤ ਦੇ ਨਿਰਧਾਰਨ ਲਈ ਹਵਾਲਾ ਕੀਤਾ ਜਾਵੇ, ਭਾਵੇਂ ਉਸ ਦਾ ਇਤਰਾਜ਼ ਰਕਮ ਦੀ ਮਾਤਰਾ, ਉਹਨਾਂ ਵਿਅਕਤੀਆਂ, ਜਿਨ੍ਹਾਂ ਨੂੰ ਇਹ ਅਦਾਇਗੀਯੋਗ ਹੈ, ਜਾਂ ਇਸ ਦੇ ਹੱਕਦਾਰ ਵਿਅਕਤੀਆਂ ਵਿਚਕਾਰ ਰਕਮ ਦੀ ਹਿੱਸੇ ਵੰਡ 'ਤੇ ਹੋਵੇ। ਅਦਾਲਤ ਨੂੰ ਹਵਾਲਾ।

(2) ਉਪ-ਧਾਰਾ (1) ਅਧੀਨ ਦਰਖ਼ਾਸਤ ਵਿੱਚ ਉਹ ਆਧਾਰ ਦੱਸੇ ਜਾਣਗੇ ਜਿਨ੍ਹਾਂ ਤੇ ਕੁਲੈਕਟਰ ਦੇ ਹੁਕਮ ਤੇ ਇਤਰਾਜ਼ ਲਿਆ ਗਿਆ ਹੈ:

ਪਰੰਤੂ ਅਜਿਹੀ ਹਰੇਕ ਦਰਖ਼ਾਸਤ,-

(ੳ) ਕੁਲੈਕਟਰ ਦੇ ਹੁਕਮ ਦੀ ਤਰੀਕ ਤੋਂ ਛੇ ਹਫ਼ਤਿਆਂ ਦੇ ਅੰਦਰ ਦਿੱਤੀ ਜਾਵੇਗੀ ਜੇ ਇਸ ਨੂੰ ਦੇਣ ਵਾਲਾ ਵਿਅਕਤੀ ਉਸ ਸਮੇਂ ਕੁਲੈਕਟਰ ਦੇ ਸਾਹਮਣੇ ਮੌਜੂਦ ਸੀ ਜਾਂ ਉਸਦੀ ਪ੍ਰਤੀਨਿਧਤਾ ਹੋਈ ਸੀ ਜਦੋਂ ਉਸ ਨੇ ਆਪਣਾ ਹੁਕਮ ਪਾਸ ਕੀਤਾ ਸੀ; ਅਤੇ

(ਅ) ਹੋਰ ਮਾਮਲਿਆਂ ਵਿੱਚ, ਕੁਲੈਕਟਰ ਦੇ ਹੁਕਮ ਦੇ ਸੰਸੂਚਤ ਹੋਣ ਦੀ ਤਰੀਕ ਤੋਂ ਛੇ ਹਫ਼ਤਿਆਂ ਦੇ ਅੰਦਰ ਦਿੱਤੀ ਜਾਵੇਗੀ।

(3) ਹਵਾਲਾ ਦਿੰਦੇ ਸਮੇਂ, ਕੁਲੈਕਟਰ ਮੂਲ ਅਧਿਕਾਰਤਾ ਦੀ ਪ੍ਰਮੁੱਖ ਦੀਵਾਨੀ ਅਦਾਲਤ ਦੀ ਜਾਣਕਾਰੀ ਲਈ, ਆਪਣੇ ਦਸਤਖ਼ਤਾਂ ਹੇਠ ਲਿਖਤੀ ਰੂਪ ਵਿੱਚ, ਅਜਿਹੇ ਵੇਰਵੇ ਦੇਵੇਗਾ ਜਿਵੇਂ ਮੁਕੱਰਰ ਕੀਤੇ ਜਾਣ।

(4) ਉਪ-ਧਾਰਾ (3) ਅਧੀਨ ਹਵਾਲਾ ਪ੍ਰਾਪਤ ਹੋਣ ਤੇ, ਮੂਲ ਅਧਿਕਾਰਤਾ ਦੀ ਪ੍ਰਮੁੱਖ ਦੀਵਾਨੀ ਅਦਾਲਤ ਇਸ ਮਾਮਲੇ ਦਾ ਫ਼ੈਸਲਾ ਖੁਦ ਕਰ ਸਕਦੀ ਹੈ ਜਾਂ ਇੱਕ ਲਿਖਤੀ ਆਦੇਸ਼ ਦੁਆਰਾ ਆਪਣੇ ਮਾਤਹਿਤ ਕਿਸੇ ਵੀ ਦੀਵਾਨੀ ਅਦਾਲਤ ਨੂੰ ਇਸ ਦਾ ਫ਼ੈਸਲਾ ਕਰਨ ਲਈ ਨਿਰਦੇਸ਼ ਦੇ ਸਕਦੀ ਹੈ।

ਦੀਵਾਨੀ ਅਦਾਲਤ ਦੇ ਸਾਹਮਣੇ ਕਾਰਵਾਈਆਂ 'ਤੇ ਦੀਵਾਨੀ ਜ਼ਾਬਤਾ ਸੰਘਤਾ, 1908 ਲਾਗੂ ਹੋਣਾ।

6. ਦੀਵਾਨੀ ਜ਼ਾਬਤਾ ਸੰਘਤਾ, 1908 ਦੇ ਉਪਬੰਧ ਇਸ ਐਕਟ ਅਧੀਨ ਦੀਵਾਨੀ ਅਦਾਲਤ ਦੇ ਅੱਗੇ ਸਾਰੀਆਂ ਕਾਰਵਾਈਆਂ 'ਤੇ ਲਾਗੂ ਹੋਣਗੇ।

ਦੀਵਾਨੀ ਅਦਾਲਤਾਂ ਅੱਗੇ ਕਾਰਵਾਈਆਂ ਵਿੱਚ ਅਪੀਲਾਂ।

7. ਇੱਕ ਅਪੀਲ ਮੂਲ ਅਧਿਕਾਰਤਾ ਦੀ ਪ੍ਰਮੁੱਖ ਦੀਵਾਨੀ ਅਦਾਲਤ ਵਿੱਚ ਦਾਇਰ ਕੀਤੀ ਜਾ ਸਕੇਗੀ ਜਿੱਥੇ ਮਾਮਲੇ ਦਾ ਫ਼ੈਸਲਾ ਉਸ ਦੇ ਮਾਤਹਿਤ ਦੀਵਾਨੀ ਅਦਾਲਤ ਦੁਆਰਾ ਕੀਤਾ ਜਾਂਦਾ ਹੈ ਅਤੇ ਹੋਰ ਮਾਮਲਿਆਂ ਵਿੱਚ ਹਾਈ ਕੋਰਟ ਵਿੱਚ ਦਾਇਰ ਕੀਤੀ ਜਾ ਸਕੇਗੀ।

ਨਿਯਮ ਬਣਾਉਣ ਦੀ ਸ਼ਕਤੀ।

8. (1) ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇਸ ਐਕਟ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਨਿਯਮ ਬਣਾ ਸਕੇਗੀ।

(2) ਖ਼ਾਸ ਕਰਕੇ ਅਤੇ ਪੂਰਵਗਾਮੀ ਸ਼ਕਤੀਆਂ ਦੀ ਵਿਆਪਕਤਾ 'ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ, ਅਜਿਹੇ ਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਲਈ ਉਪਬੰਧ ਕਰ ਸਕਣਗੇ, ਅਰਥਾਤ:-

(ੳ) ਤਰੀਕਾ ਜਿਸ ਵਿੱਚ ਧਾਰਾ 4 ਦੀ ਉਪ-ਧਾਰਾ (1) ਅਧੀਨ ਧਨ ਅਦਾ ਕੀਤਾ ਜਾਣਾ ਹੈ;

(ਅ) ਤਰੀਕਾ ਜਿਸ ਵਿੱਚ ਧਾਰਾ 4 ਦੀ ਉਪ-ਧਾਰਾ (2) ਅਧੀਨ ਕੁਲੈਕਟਰ ਦੁਆਰਾ ਹੁਕਮ ਦਾ ਐਲਾਨ ਕੀਤਾ ਜਾਣਾ ਹੈ;

(ੲ) ਧਾਰਾ 5 ਦੀ ਉਪ-ਧਾਰਾ (3) ਅਧੀਨ ਮੂਲ ਅਧਿਕਾਰਤਾ ਦੀ ਇੱਕ ਪ੍ਰਮੁੱਖ ਅਦਾਲਤ ਨੂੰ ਹਵਾਲਾ ਦਿੰਦੇ ਸਮੇਂ ਕੁਲੈਕਟਰ ਦੁਆਰਾ ਦੱਸੇ ਜਾਣ ਵਾਲੇ ਵੇਰਵੇ; ਅਤੇ

(ਸ) ਕੋਈ ਹੋਰ ਮਾਮਲਾ ਜੋ ਇਸ ਐਕਟ ਅਧੀਨ ਮੁਕੱਰਰ ਕੀਤਾ ਜਾਣਾ ਹੈ, ਜਾਂ ਕੀਤਾ ਜਾ ਸਕਦਾ ਹੈ।

(3) ਇਸ ਧਾਰਾ ਅਧੀਨ ਬਣਾਇਆ ਗਿਆ ਹਰੇਕ ਨਿਯਮ, ਇਸ ਦੇ ਬਣਾਏ ਜਾਣ ਪਿੱਛੋਂ ਜਿੰਨੀ ਛੇਤੀ ਹੋ ਸਕੇ, ਰਾਜ ਵਿਧਾਨ ਮੰਡਲ ਦੇ ਸਦਨ ਅੱਗੇ, ਜਦ ਉਹ ਦਸ ਦਿਨਾਂ ਦੀ ਕੁੱਲ ਮੁੱਦਤ ਲਈ ਇਜਲਾਸ ਵਿੱਚ ਹੈ, ਰੱਖਿਆ ਜਾਵੇਗਾ ਜੋ ਇੱਕ ਇਜਲਾਸ ਵਿੱਚ ਜਾਂ ਦੋ ਜਾਂ ਵੱਧ ਕ੍ਰਮਵਰਤੀ ਇਜਲਾਸਾਂ ਵਿੱਚ ਪੂਰੀ ਹੋ ਸਕੇਗੀ, ਅਤੇ ਜੇ, ਇਸ ਇਜਲਾਸ ਦੇ, ਜਿਸ ਵਿੱਚ ਉਹ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਜਾਂ ਉਪਰੋਕਤ ਕ੍ਰਮਵਰਤੀ ਇਜਲਾਸਾਂ ਦੇ ਗੁਜ਼ਰਨ ਤੋਂ ਪਹਿਲਾਂ, ਸਦਨ ਉਸ ਨਿਯਮ ਵਿੱਚ ਕੋਈ ਰੂਪਭੇਦ ਕਰਨ ਲਈ ਸਹਿਮਤ ਹੋ ਜਾਂਦਾ ਹੈ ਜਾਂ ਸਦਨ ਸਹਿਮਤ ਹੋ ਜਾਂਦਾ ਹੈ ਕਿ ਨਿਯਮ ਨਹੀਂ ਬਣਾਇਆ ਜਾਣਾ ਚਾਹੀਦਾ, ਤਾਂ ਉਹ ਨਿਯਮ ਉਸ ਤੋਂ ਪਿੱਛੋਂ, ਕੇਵਲ ਅਜਿਹੇ ਰੂਪਭੇਦ ਕੀਤੇ ਰੂਪ ਵਿੱਚ ਪ੍ਰਭਾਵੀ ਹੋਵੇਗਾ ਜਾਂ ਉਸ ਦਾ ਕੋਈ ਪ੍ਰਭਾਵ ਨਹੀਂ ਹੋਵੇਗਾ, ਜਿਹੀ ਕਿ ਸੂਰਤ ਹੋਵੇ, ਐਪਰ, ਅਜਿਹੇ ਕਿਸੇ ਰੂਪਭੇਦ ਜਾਂ ਰੱਦ ਕਰਨ ਦਾ ਉਸ ਨਿਯਮ ਅਧੀਨ ਪਹਿਲਾਂ ਕੀਤੀ ਗਈ ਕਿਸੇ ਗੱਲ ਦੀ ਜਾਇਜ਼ਤਾ ਤੇ ਪ੍ਰਤੀਕੂਲ ਪ੍ਰਭਾਵ ਨਹੀਂ ਪਵੇਗਾ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3601/1-2026/Pb. Govt. Press, S.A.S. Nagar*

**ਭਾਗ-I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 2 ਜਨਵਰੀ, 2026

ਨੰ: 02/ਭ.ਕ./2026.- ਪੰਜਾਬ ਅਧਿਆਪਕਾਂ ਦੀ ਭਰਤੀ ਐਕਟ, 1999 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 2nd January, 2026

**No. 02/L.C./2026.**- The Translation in Punjabi of the Punjab Recruitment of Teachers Act, 1999 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਅਧਿਆਪਕਾਂ ਦੀ ਭਰਤੀ ਐਕਟ, 1999**

(1999 ਦਾ ਪੰਜਾਬ ਐਕਟ ਨੰ: 12)

ਉਨ੍ਹਾਂ ਅਧਿਆਪਕਾਂ ਨੂੰ ਰਾਹਤ ਪ੍ਰਦਾਨ ਕਰਨ ਅਤੇ ਔਕੜਾਂ ਨੂੰ ਦੂਰ ਕਰਨ ਲਈ, ਜੋ ਨਿਯਮਤ ਤੌਰ 'ਤੇ ਚੁਣੇ ਗਏ ਸਨ ਅਤੇ 19 ਅਗਸਤ, 1992 ਦੇ ਇਸ਼ਤਿਹਾਰ ਦੇ ਆਧਾਰ 'ਤੇ ਉਨ੍ਹਾਂ ਦੀ ਬਾਕਾਇਦਾ ਤੌਰ ਤੇ ਚੋਣ ਦੇ ਅਨੁਸਰਣ ਵਿੱਚ ਨਿਯੁਕਤ ਕੀਤੇ ਗਏ ਸਨ, ਪਰ ਜਿਨ੍ਹਾਂ ਦੀਆਂ ਸੇਵਾਵਾਂ ਤਿੰਨ ਸਾਲਾਂ ਦੀ ਸੇਵਾ ਨਿਭਾਉਣ ਤੋਂ ਬਾਅਦ ਇਸ ਆਧਾਰ 'ਤੇ ਸਮਾਪਤ ਕਰ ਦਿੱਤੀਆਂ ਗਈਆਂ ਸਨ ਕਿ ਉਨ੍ਹਾਂ ਦੀਆਂ ਨਿਯੁਕਤੀਆਂ ਵਿਗਿਆਪਤ ਆਸਾਮੀਆਂ ਤੋਂ ਪਰ੍ਹੇ ਸਨ। ਹਾਲਾਂਕਿ, ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯੁਕਤੀਆਂ ਇਨ੍ਹਾਂ ਅਧਿਆਪਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਅਤਿਅੰਤ ਔਕੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਖ਼ਾਸ ਤੱਥਾਂ ਅਤੇ ਹਾਲਾਤਾਂ ਵਿੱਚ ਇੱਕ ਵਾਰੀ ਦੇ ਉਪਾਅ ਵਜੋਂ ਕੀਤੀਆਂ ਜਾ ਰਹੀਆਂ ਹਨ, ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੰਜਾਹਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਪੰਜਾਬ ਅਧਿਆਪਕਾਂ ਦੀ ਭਰਤੀ ਐਕਟ, 1999 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਅਗਸਤ, 1992 ਦੇ ਉੱਨੀਵੇਂ ਦਿਨ ਨੂੰ ਅਤੇ ਤੋਂ ਨਾਫ਼ਜ਼ ਸਮਝਿਆ ਜਾਵੇਗਾ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਵਿਗਿਆਪਤ ਆਸਾਮੀਆਂ" ਦਾ ਮਤਲਬ ਹੈ 19 ਅਗਸਤ, 1992 ਨੂੰ ਦਿੱਤੇ ਗਏ ਇਸ਼ਤਿਹਾਰ ਦੀ ਤਰੀਕ 'ਤੇ ਵਾਸਤਵ ਖ਼ਾਲੀ ਆਸਾਮੀਆਂ ਅਤੇ ਇਸ ਵਿੱਚ ਉਹ ਪੂਰਵ ਅਨੁਮਾਨਤ ਖ਼ਾਲੀ

ਆਸਾਮੀਆਂ ਸ਼ਾਮਲ ਸਮਝੀਆਂ ਜਾਣਗੀਆਂ ਜੋ ਇਸ਼ਤਿਹਾਰ ਦੀ ਤਰੀਕ ਅਤੇ ਚੋਣ ਅਮਲ ਦੇ ਅਨੁਸਰਣ ਵਿੱਚ ਕੀਤੀ ਗਈ ਪਹਿਲੀ ਨਿਯੁਕਤੀ ਦੀ ਤਰੀਕ ਦੇ ਵਿਚਕਾਰ ਖ਼ਾਲੀ ਹੋ ਸਕਦੀਆਂ ਹਨ;

(ਅ) "ਨਿਯੁਕਤੀ ਅਥਾਰਟੀ" ਦਾ ਮਤਲਬ ਹੈ ਪਬਲਿਕ ਸਿੱਖਿਆ (ਸਕੂਲਾਂ) ਦਾ ਡਾਇਰੈਕਟਰ;

(ੲ) "ਅਧਿਆਪਕਾਂ" ਦਾ ਮਤਲਬ ਹੈ,–

(i) ਅਧਿਆਪਕ ਜਾਂ ਲੈਕਚਰਾਰ ਜਾਂ ਮਾਸਟਰ ਜਾਂ ਮਿਸਟ੍ਰੈਸ, ਜਿਨ੍ਹਾਂ ਨੂੰ ਸਿੱਖਿਆ ਵਿਭਾਗ, ਪੰਜਾਬ ਦੁਆਰਾ ਜਾਰੀ ਕੀਤੇ ਗਏ 19 ਅਗਸਤ, 1992 ਦੇ ਇਸ਼ਤਿਹਾਰ ਦੇ ਅਨੁਸਰਣ ਵਿੱਚ ਨਿਯਮਿਤ ਤੌਰ 'ਤੇ ਚੁਣਿਆ ਗਿਆ ਸੀ, ਅਤੇ ਜਿਨ੍ਹਾਂ ਨੂੰ ਇਸ ਦੇ ਅਨੁਸਰਣ ਵਿੱਚ ਨਿਯੁਕਤ ਕੀਤਾ ਗਿਆ ਸੀ, ਪਰ ਜਿਨ੍ਹਾਂ ਦੀਆਂ ਸੇਵਾਵਾਂ 13 ਨਵੰਬਰ, 1997 ਨੂੰ ਸਮਾਪਤ ਕਰ ਦਿੱਤੀਆਂ ਗਈਆਂ ਸਨ; ਅਤੇ

(ii) ਅਧਿਆਪਕ ਜਾਂ ਲੈਕਚਰਾਰ ਜਾਂ ਮਾਸਟਰ ਜਾਂ ਮਿਸਟ੍ਰੈਸਾਂ, ਜਿਨ੍ਹਾਂ ਨੂੰ ਸਿੱਖਿਆ ਵਿਭਾਗ, ਪੰਜਾਬ ਦੁਆਰਾ ਜਾਰੀ ਕੀਤੇ ਗਏ 19 ਅਗਸਤ, 1992 ਦੇ ਇਸ਼ਤਿਹਾਰ ਦੇ ਅਨੁਸਰਣ ਵਿੱਚ ਨਿਯਮਿਤ ਤੌਰ 'ਤੇ ਚੁਣਿਆ ਗਿਆ ਸੀ, ਅਤੇ ਜਿਨ੍ਹਾਂ ਨੂੰ ਇਸ ਦੇ ਅਨੁਸਰਣ ਵਿੱਚ ਨਿਯੁਕਤ ਕੀਤਾ ਗਿਆ ਸੀ, ਪਰ ਬਾਅਦ ਵਿੱਚ 28 ਦਸੰਬਰ, 1994 ਅਤੇ 12 ਜਨਵਰੀ, 1996 ਦੇ ਇਸ਼ਤਿਹਾਰ ਦੇ ਅਨੁਸਰਣ ਵਿੱਚ ਘੱਟ ਵੇਤਨ ਸਕੇਲ ਵਾਲੇ ਹੇਠਲੇ ਕਾਡਰ ਦੀ ਆਸਾਮੀ ਤੇ ਨਿਯਮਿਤ ਤੌਰ 'ਤੇ ਚੁਣਿਆ ਗਿਆ ਸੀ।

ਵਿਗਿਆਪਤ ਅਸਾਮੀਆਂ ਤੇ ਨਿਯੁਕਤੀ।

3. ਵਿਗਿਆਪਤ ਆਸਾਮੀਆਂ ਦੇ ਵਿਰੁੱਧ ਅਧਿਆਪਕਾਂ ਦੀਆਂ ਨਿਯੁਕਤੀਆਂ ਨਿਯੁਕਤੀ ਅਥਾਰਟੀ ਦੁਆਰਾ ਕੀਤੀਆਂ ਜਾਣਗੀਆਂ।

ਹਾਜ਼ਰ ਹੋਣ ਦੀ ਤਰੀਕ।

4. ਅਧਿਆਪਕਾਂ ਦੀ ਹਾਜ਼ਰ ਹੋਣ ਦੀ ਤਰੀਕ ਉਹ ਤਰੀਕ ਹੋਵੇਗੀ ਜਿਸ ਦਿਨ ਉਹ ਇਸ ਐਕਟ ਦੇ ਅਨੁਸਰਣ ਵਿੱਚ ਵਾਸਤਵ ਆਸਾਮੀਆਂ ਤੇ ਹਾਜ਼ਰ ਹੁੰਦੇ ਹਨ ਜਾਂ ਇਹ ਤਰੀਕ ਉਹ ਤਰੀਕ ਸਮਝੀ ਜਾਵੇਗੀ, ਜਦੋਂ 28 ਦਸੰਬਰ, 1994 ਅਤੇ 12 ਜਨਵਰੀ, 1996 ਦੇ ਇਸ਼ਤਿਹਾਰਾਂ ਦੇ ਅਨੁਸਰਣ ਵਿੱਚ ਸਾਰੇ ਚੁਣੇ ਗਏ ਅਧਿਆਪਕ ਉਨ੍ਹਾਂ ਅਸਾਮੀਆਂ ਤੇ ਹਾਜ਼ਰ ਹੋ ਗਏ ਹਨ ਜਿਨ੍ਹਾਂ ਦੇ ਵਿਰੁੱਧ ਉਨ੍ਹਾਂ ਨੂੰ ਚੁਣਿਆ ਸੀ, ਜੋ ਵੀ ਬਾਅਦ ਵਿੱਚ ਹੋਵੇ।

ਸੀਨੀਆਰਤਾ।

5. ਅਧਿਆਪਕਾਂ ਦੀ ਸੀਨੀਆਰਤਾ ਉਨ੍ਹਾਂ ਦੇ ਹਾਜ਼ਰ ਹੋਣ ਦੀ ਤਰੀਕ ਤੋਂ ਨਿਸ਼ਚਤ ਕੀਤੀ ਜਾਵੇਗੀ।

ਨਿਰਸਨ ਅਤੇ ਬਚਾਉ।

6. (1) ਪੰਜਾਬ ਅਧਿਆਪਕਾਂ ਦੀ ਭਰਤੀ ਆਰਡੀਨੈਂਸ, 1999 (1999 ਦਾ ਪੰਜਾਬ ਆਰਡੀਨੈਂਸ ਨੰ: 3), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੋਈ ਵੀ ਕਾਰਵਾਈ, ਇਸ ਐਕਟ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

ਬੀ.ਬੀ.ਐੱਸ. ਤੇਜੀ,
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3601/1-2026/Pb. Govt. Press, S.A.S. Nagar*

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 2 ਜਨਵਰੀ, 2026

ਨੰ: 03/ਭ.ਕ./2026.– ਪੰਜਾਬ ਬਹੁ–ਪ੍ਰਯੋਜਨ ਸਿਹਤ ਕਾਮੇ (ਇਸਤਰੀ) ਭਰਤੀ ਐਕਟ, 2001 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 2nd January, 2026

**No. 03/L.C./2026.**- The Translation in Punjabi of the Punjab Recruitment of Multipurpose Health Workers (Female) Act, 2001 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਬਹੁ–ਪ੍ਰਯੋਜਨ ਸਿਹਤ ਕਾਮੇ (ਇਸਤਰੀ) ਭਰਤੀ ਐਕਟ, 2001**

(2001 ਦਾ ਪੰਜਾਬ ਐਕਟ ਨੰ: 13)

ਉਨ੍ਹਾਂ ਬਹੁ–ਪ੍ਰਯੋਜਨ ਸਿਹਤ ਕਾਮੇ (ਇਸਤਰੀ) ਨੂੰ ਰਾਹਤ ਪ੍ਰਦਾਨ ਕਰਨ ਅਤੇ ਔਕੜਾਂ ਨੂੰ ਦੂਰ ਕਰਨ ਲਈ, ਜੋ 12 ਜੁਲਾਈ, 1992 ਦੇ ਇਸ਼ਤਿਹਾਰ ਦੇ ਆਧਾਰ 'ਤੇ ਉਨ੍ਹਾਂ ਦੀ ਚੋਣ ਦੇ ਅਨੁਸਰਣ ਵਿੱਚ ਬਾਕਾਇਦਾ ਅਧਾਰ 'ਤੇ ਚੁਣੇ ਅਤੇ ਨਿਯੁਕਤ ਕੀਤੇ ਗਏ ਸਨ, ਪਰ ਜਿਨ੍ਹਾਂ ਦੀਆਂ ਸੇਵਾਵਾਂ ਲੱਗਭੱਗ ਤਿੰਨ ਸਾਲਾਂ ਦੀ ਸੇਵਾ ਨਿਭਾਉਣ ਤੋਂ ਬਾਅਦ ਇਸ ਆਧਾਰ 'ਤੇ ਸਮਾਪਤ ਕਰ ਦਿੱਤੀਆਂ ਗਈਆਂ ਸਨ ਕਿ ਉਨ੍ਹਾਂ ਦੀਆਂ ਨਿਯੁਕਤੀਆਂ ਵਿਗਿਆਪਤ ਆਸਾਮੀਆਂ ਤੋਂ ਪਰ੍ਹੇ ਸਨ। ਹਾਲਾਂਕਿ, ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਹ ਨਿਯੁਕਤੀਆਂ ਇਹਨਾਂ ਬਹੁ–ਪ੍ਰਯੋਜਨ ਸਿਹਤ ਕਾਮੇ (ਇਸਤਰੀ) ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਅਤਿਅੰਤ ਔਕੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਖ਼ਾਸ ਤੱਥਾਂ ਅਤੇ ਹਾਲਾਤਾਂ ਵਿੱਚ ਇੱਕ–ਵਾਰ ਦੇ ਉਪਾਅ ਵਜੋਂ ਕੀਤੀਆਂ ਜਾ ਰਹੀਆਂ ਹਨ, ਲਈ ਇੱਕ ਐਕਟ।

ਭਾਰਤ ਗਣਰਾਜ ਦੇ ਬਵੰਜਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਬਹੁ–ਪ੍ਰਯੋਜਨ ਸਿਹਤ ਕਾਮੇ (ਇਸਤਰੀ) ਭਰਤੀ ਐਕਟ, 2001 ਕਿਹਾ ਜਾ ਸਕੇਗਾ। ਸੰਖੇਪ ਨਾਂ ਅਤੇ ਅਰੰਭ।

(2) ਇਹ ਜੁਲਾਈ, 1992 ਦੇ ਬਾਰ੍ਹਵੇਂ ਦਿਨ ਨੂੰ ਅਤੇ ਤੋਂ ਨਾਫ਼ਜ਼ ਹੋਇਆ ਸਮਝਿਆ ਜਾਵੇਗਾ।

ਪਰਿਭਾਸ਼ਾਵਾਂ। 2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) "ਵਿਗਿਆਪਤ ਆਸਾਮੀਆਂ" ਦਾ ਮਤਲਬ ਹੈ 12 ਜੁਲਾਈ, 1992 ਨੂੰ ਦਿੱਤੇ ਗਏ ਇਸ਼ਤਿਹਾਰ ਦੀ ਤਰੀਕ 'ਤੇ ਵਾਸਤਵ ਖ਼ਾਲੀ ਆਸਾਮੀਆਂ ਅਤੇ ਇਸ ਵਿੱਚ ਉਹ ਪੂਰਵ-ਅਨੁਮਾਨਤ ਖ਼ਾਲੀ ਆਸਾਮੀਆਂ ਸ਼ਾਮਲ ਸਮਝੀਆਂ ਜਾਣਗੀਆਂ, ਜੋ ਇਸ਼ਤਿਹਾਰ ਦੀ ਤਰੀਕ ਅਤੇ ਚੋਣ ਅਮਲ ਦੇ ਅਨੁਸਰਣ ਵਿੱਚ ਕੀਤੀ ਗਈ ਪਹਿਲੀ ਨਿਯੁਕਤੀ ਦੀ ਤਰੀਕ ਦੇ ਵਿਚਕਾਰ ਖ਼ਾਲੀ ਹੋ ਸਕਦੀਆਂ ਹਨ;

(ਅ) "ਨਿਯੁਕਤੀ ਅਥਾਰਟੀ" ਦਾ ਮਤਲਬ ਹੈ ਡਾਇਰੈਕਟਰ, ਸਿਹਤ ਸੇਵਾਵਾਂ, ਪਰਿਵਾਰ ਭਲਾਈ, ਪੰਜਾਬ; ਅਤੇ

(ੲ) "ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ)" ਦਾ ਮਤਲਬ ਹੈ ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ), ਜਿਨ੍ਹਾਂ ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੁਆਰਾ 12 ਜੁਲਾਈ, 1992 ਨੂੰ ਜਾਰੀ ਕੀਤੇ ਗਏ ਇਸ਼ਤਿਹਾਰ ਦੇ ਅਨੁਸਰਣ ਵਿੱਚ ਚੁਣਿਆ ਗਿਆ ਸੀ, ਅਤੇ ਜਿਨ੍ਹਾਂ ਨੂੰ ਇਸ ਦੇ ਅਨੁਸਰਣ ਵਿੱਚ ਬਾਕਾਇਦਾ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ, ਪਰ ਜਿਨ੍ਹਾਂ ਦੀਆਂ ਸੇਵਾਵਾਂ 27 ਮਾਰਚ, 1997 ਨੂੰ ਸਮਾਪਤ ਕਰ ਦਿੱਤੀਆਂ ਗਈਆਂ ਸਨ।

ਵਿਗਿਆਪਤ ਅਸਾਮੀਆਂ ਤੇ ਨਿਯੁਕਤੀ। 3. ਵਿਗਿਆਪਤ ਆਸਾਮੀਆਂ ਦੇ ਵਿਰੁੱਧ ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ) ਦੀਆਂ ਨਿਯੁਕਤੀਆਂ ਨਿਯੁਕਤੀ ਅਥਾਰਟੀ ਦੁਆਰਾ ਕੀਤੀਆਂ ਜਾਣਗੀਆਂ।

ਹਾਜ਼ਰ ਹੋਣ ਦੀ ਤਰੀਕ। 4. ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ) ਦੀ ਹਾਜ਼ਰ ਹੋਣ ਦੀ ਤਰੀਕ ਉਹ ਤਰੀਕ ਹੋਵੇਗੀ ਜਿਸ ਦਿਨ ਉਹ ਇਸ ਐਕਟ ਦੇ ਅਨੁਸਰਣ ਵਿੱਚ ਵਾਸਤਵ ਆਸਾਮੀਆਂ ਤੇ ਹਾਜ਼ਰ ਹੁੰਦੇ ਹਨ।

ਸੀਨੀਆਰਤਾ। 5. ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ) ਦੀ ਸੀਨੀਆਰਤਾ ਉਨ੍ਹਾਂ ਦੇ ਹਾਜ਼ਰ ਹੋਣ ਦੀ ਤਰੀਕ ਤੋਂ ਨਿਸ਼ਚਤ ਕੀਤੀ ਜਾਵੇਗੀ।

ਨਿਰਸਨ ਅਤੇ ਬਚਾਉ। 6. (1) ਪੰਜਾਬ ਬਹੁ-ਪ੍ਰਯੋਜਨ ਸਿਹਤ ਕਾਮੇ (ਇਸਤਰੀ) ਭਰਤੀ ਆਰਡੀਨੈਂਸ, 2001 (2001 ਦਾ ਪੰਜਾਬ ਆਰਡੀਨੈਂਸ ਨੰ: 3), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੋਈ ਵੀ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਗਈ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3601/1-2026/Pb. Govt. Press, S.A.S. Nagar*